# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ 16 April 95

**ਲੋਕ-ਪੱਖੀ ਰਾਜਸੀ ਸਭਿਆਚਾਰ**

ਮਾਰਕਸੀ ਪਾਰਟੀ ਦੀ 15ਵੀਂ ਕਾਂਗਰਸ ਦੇ ਸਬੰਧ ਵਿਚ ਚੰਡੀਗੜ੍ਹ ਵਿਖੇ ਹੋਇਆ 5 ਰਾਤਾਂ ਦਾ ਸਭਿਆਚਾਰਕ ਸੰਮੇਲਨ ਇਕ ਮਹੱਤਵਪੂਰਨ ਸੰਮੇਲਨ ਸੀ ਕਿਉਂਕਿ ਇਹ ਬਹੁਤ ਹੱਦ ਤਕ ਉਸ ਸਭਿਆਚਾਰ ਦੀ ਨੁਮਾਇੰਦਗੀ ਕਰਦਾ ਸੀ ਜਿਹੜਾ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜਦਾ ਹੈ। ਜਦੋਂ ਇਸ ਸੰਮੇਲਨ ਦੇ ਪ੍ਰੋਗਰਾਮ ਦੀ ਰੂਪ-ਰੇਖਾ ਉਲੀਕੀ ਜਾ ਰਹੀ ਸੀ ਤਾਂ ਇਕ ਵਿਚਾਰ ਇਹ ਸਾਹਮਣੇ ਆਇਆ ਕਿ ਕਿਉਂਕਿ ਇਹ 15ਵੀਂ ਕਾਂਗਰਸ ਪੰਜਾਬ ਵਿਚ ਹੋ ਰਹੀ ਹੈ ਅਤੇ ਬਾਹਰ ਦੇ ਸੂਬਿਆਂ ਤੋਂ ਡੈਲੀਗੇਟ ਵੀ ਆਉਣੇ ਹਨ, ਇਸ ਲਈ ਉਨ੍ਹਾਂ ਅੱਗੇ ਉਹ ਪ੍ਰੋਗਰਾਮ ਪੇਸ਼ ਕੀਤਾ ਜਾਏ ਜੋ ਪੰਜਾਬ ਦੇ ਵਿਰਸੇ ਨਾਲ ਜੁੜਦੇ ਸਭਿਆਚਾਰ ਨੂੰ ਰੂਪਮਾਨ ਕਰੇ। ਇਸ ਦੇ ਉਲਟ ਇਹ ਰਾਇ ਬਣੀ ਕਿ ਇਹ ਸੰਮੇਲਨ ਰਵਾਇਤੀ ਵਿਰਸੇ ਨਾਲੋਂ ਮੁੱਖ ਤੌਰ 'ਤੇ ਆਧੁਨਿਕ ਤਰਕਸ਼ੀਲਤਾ ਅਤੇ ਸਮਾਜਿਕ ਇਨਸਾਫ ਦੇ ਸੰਘਰਸ਼ ਨੂੰ ਰੂਪਮਾਨ ਕਰੇ। ਪੰਜ ਰਾਤਾਂ ਦਾ ਪ੍ਰੋਗਰਾਮ ਇਸ ਦੂਜੀ ਸੋਚ ਦੇ ਅਨੁਕੂਲ ਹੀ ਉਲੀਕਿਆ ਗਿਆ ਤੇ ਪੇਸ਼ ਕੀਤਾ ਗਿਆ। ਪਹਿਲੀ ਰਾਤ ਨਾਟਕ 'ਕਾਮਰੇਡ' ਖੇਡਿਆ ਗਿਆ ਜੋ ਮੂਲਵਾਦੀ ਤਾਕਤਾਂ ਦੇ ਵਿਰੁਧ ਸੰਘਰਸ਼ ਕਰਦੇ ਉਨ੍ਹਾਂ ਸ਼ਹੀਦਾਂ ਨੂੰ ਸਮਰਪਿਤ ਸੀ ਜੋ ਇਸ ਸੰਘਰਸ਼ ਵਿਚ ਜਾਨਾਂ ਵਾਰ ਗਏ। ਇਹ ਨਾਟਕ ਸਪਸ਼ਟ ਤੌਰ 'ਤੇ ਖੱਬੀ ਧਿਰ ਦੀ ਖਾਲਿਸਤਾਨੀ ਲਹਿਰ ਵੱਲ ਪਹੁੰਚ ਨੂੰ ਰੂਪਮਾਨ ਕਰਦਾ ਸੀ। ਜਨ ਨਾਟਕ ਮੰਚ ਦਿੱਲੀ, ਜੋ ਸਫਦਰ ਹਾਸ਼ਮੀ ਦੀ ਕਾਇਮ ਕੀਤੀ ਸੰਸਥਾ ਹੈ ਅਤੇ ਉਹਦੀ ਸ਼ਹਾਦਤ ਤੋਂ ਬਾਅਦ ਇਸ ਦੀ ਵਾਗਡੋਰ ਉਹਦੀ ਪਤਨੀ ਮਾਲਾ ਦੇ ਹੱਥ ਹੈ, ਉਨ੍ਹਾਂ ਵਲੋਂ ਨਾਟਕ ਮਸ਼ੀਨ, ਔਰਤ ਖੇਡੇ ਗਏ। ਕੇਵਲ ਧਾਲੀਵਾਲ ਵਲੋਂ ਖੇਡੇ ਗਏ ਨਾਟਕ ਕੁਦੇਸਨ ਅਤੇ ਕੋਰਟ ਮਾਰਸ਼ਲ ਸਿਧਾਂਤਕ ਅਤੇ ਕਲਾ ਦੇ ਪੱਖ ਤੋਂ ਉਤਮ ਨਾਟਕ ਸਨ। ਬੰਗਾਲ ਦੀ ਇਪਟਾ ਵਲੋਂ ਖੇਡਿਆ ਗਿਆ ਨਾਟਕ 'ਕਿਮਲਿਸ਼' (ਕਮਿਊਨਿਸਟ) ਆਪਣੇ ਆਪ ਵਿਚ ਇਕ ਵਧੀਆ ਨਾਟਕ ਸੀ। ਬੰਗਾਲ ਦੇ ਇਪਟਾ ਵਲੋਂ ਖੇਡਿਆ ਗਿਆ ਪੁਤਲੀਆਂ ਦਾ ਨਾਟਕ ਕਲਾ ਦੀਆਂ ਸਿਖਰਾਂ ਛੂੰਹਦਾ ਸੀ। ਪੰਜਾਬ ਦੇ ਕਲਾਕਾਰਾਂ ਵਲੋਂ ਖੇਡਿਆ ਲਘੂ ਨਾਟਕਾਂ ਦਾ ਰੁਝਾਨ 'ਇਹ ਹਮਾਰਾ ਜੀਵਨਾ' ਨੇ ਵੀ ਆਪਣਾ ਪੂਰਾ ਪ੍ਰਭਾਵ ਪਾਇਆ। ਲੋਕ ਸੰਗੀਤ ਮੰਡਲੀਆਂ ਨੇ ਆਪਣੇ ਗੀਤਾਂ ਤੇ ਐਕਸ਼ਨ ਗੀਤਾਂ ਰਾਹੀਂ ਡੈਲੀਗੇਟਾਂ ਤੇ ਆਮ ਦਰਸ਼ਕਾਂ ਵਿਚ ਜੋਸ਼ ਭਰਿਆ।

ਇਹ ਸੱਚ ਹੁਣ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਸਭਿਆਚਾਰ ਦੇ ਖੇਤਰ ਵਿਚ ਲੋਕਪੱਖੀ ਸਭਿਆਚਾਰ ਆਪਣੀ ਨਿਵੇਕਲੀ ਪਹਿਚਾਣ ਰੱਖਦਾ ਹੈ। ਇਹ ਅੱਜ ਦੀ ਗੱਲ ਕਰਦਾ ਹੈ। ਅੱਜ ਦੇ ਮਨੁੱਖ ਨੂੰ ਜੋ ਮਸਲੇ ਦਰਪੇਸ਼ ਹਨ, ਉਨ੍ਹਾਂ ਦੀ ਗੱਲ ਕਰਦਾ ਹੈ। ਵਿਰਸੇ ਤੋਂ ਉਹ ਉਹੀ ਅੰਸ਼ ਲੈਂਦਾ ਹੈ ਜੋ ਅੱਜ ਦੀ ਸੋਚ ਅਤੇ ਸੰਘਰਸ਼ ਨੂੰ ਤੀਖਣ ਕਰਦੀ ਹੈ। ਮਨੁੱਖੀ ਸਮਾਜ ਵਿਚ ਹਰ ਕਿਸਮ ਦਾ ਵਿਤਕਰਾ ਖਤਮ ਹੋਣਾ ਚਾਹੀਦਾ ਹੈ ਤੇ ਜੇ ਇਹ ਸੱਚ ਸਾਡੇ ਧਾਰਮਕ ਗ੍ਰੰਥਾਂ ਵਿਚ ਪੂਰੀ ਸ਼ਿੱਦਤ ਨਾਲ ਪ੍ਰਚਾਰਿਆ ਗਿਆ ਹੈ ਤਾਂ ਅੱਜ ਦੇ ਸਾਹਿਤ ਵਿਚ ਇਹ ਆਧੁਨਿਕ ਪ੍ਰਸੰਗਤਾ ਦੇ ਸੰਦਰਭ ਵਿਚ ਹੋਰ ਵੀ ਸ਼ਿੱਦਤ ਨਾਲ ਰੂਪਮਾਨ ਹੁੰਦਾ ਹੈ। 'ਕੁਦਰਤ ਦੇ ਸਭ ਬੰਦੇ' ਇਕ ਮਹਾਨ ਟੂਕ ਹੈ ਪਰ ਅੱਜ ਉਸ ਤੋਂ ਵੀ ਵੱਧ ਲੋੜ ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਨੀ ਹੈ, ਜਿਸ ਵਿਚ ਕੁਦਰਤ ਦੇ ਸਭ ਬੰਦਿਆਂ ਵਿਚੋਂ ਕੁਝ ਬੰਦੇ ਹੀ ਸਾਰੇ ਸਮਾਜ ਦੇ ਸਾਧਨਾਂ ਦੇ ਮਾਲਕ ਹਨ ਅਤੇ ਬਾਕੀ ਲੋਕਾਈ ਨਰਕ ਦੀ ਜ਼ਿੰਦਗੀ ਬਿਤਾਉਣ ਲਈ ਮਜਬੂਰ ਹੈ। ਸਮਾਜਕ ਇਨਸਾਫ ਦੇ ਪ੍ਰਸੰਗ ਵਿਚ ਸਭਿਆਚਾਰਕ ਪ੍ਰੋਗਰਾਮਾਂ ਦਰਮਿਆਨ ਇਹ ਲੀਕ ਖਿੱਚਣੀ ਜ਼ਰੂਰੀ ਹੈ। 15ਵੀਂ ਕਾਂਗਰਸ ਦੇ ਸਭਿਆਚਾਰਕ ਪ੍ਰੋਗਰਾਮਾਂ ਨੇ ਇਹ ਲੀਕ ਖਿੱਚੀ ਹੈ ਅਤੇ ਇਹ ਇਹਦੀ ਇਕ ਵੱਡੀ ਪ੍ਰਾਪਤੀ ਹੈ।

**ਨਰੋਈਆਂ ਕਦਰਾਂ ਕੀਮਤਾਂ :** ਪੀਰਾਂ, ਫਕੀਰਾਂ ਦੇ ਨਾਂ ਤੇ ਨਾਟਕਾਂ ਅਤੇ ਗੀਤਾਂ ਦੇ ਸਭਿਆਚਾਰਕ ਪ੍ਰੋਗਰਾਮ ਹੋਣੇ ਹੁਣ ਆਮ ਗੱਲ ਹੈ, ਪਰ ਕਦੀ ਕਦੀ ਕੋਈ ਐਸਾ ਸਭਿਆਚਾਰਕ ਪ੍ਰੋਗਰਾਮ ਐਸੇ ਵਿਅਕਤੀ ਦੇ ਸਨਮਾਨ ਵਿਚ ਆਯੋਜਿਤ ਕੀਤਾ ਜਾਂਦਾ ਹੈ, ਜੋ ਚੰਗੀਆਂ ਕਦਰਾਂ ਕੀਮਤਾਂ ਨੂੰ ਅੱਜ ਦੀ ਜ਼ਿੰਦਗੀ ਵਿਚ ਦ੍ਰਿੜਤਾ ਨਾਲ ਕਾਇਮ ਕਰਨ ਦਾ ਸੁਹਿਰਦ ਯਤਨ ਕਰਦਾ ਹੈ। ਬਾਘਾਪੁਰਾਣਾ ਦੇ ਇਲਾਕੇ ਪਿੰਡ ਮਾੜੀ ਮੁਸਤੱਫਾ ਵਿਚ ਇਹੋ ਜਿਹਾ ਇਕ ਪ੍ਰੋਗਰਾਮ ਹੋਇਆ। ਇਹ ਗੁਰੂ ਤੇਗ ਬਹਾਦਰ ਗੜ੍ਹ (ਰੋਡੇ) ਦੇ ਸਰਕਾਰੀ ਸਕੂਲ ਦੇ ਮੁੱਖ ਅਧਿਆਪਕ ਦੇ ਸਨਮਾਨ ਵਿਚ ਸੀ, ਜਿਸ ਨੇ ਬੜੀ ਦ੍ਰਿੜਤਾ ਨਾਲ ਪਿਛਲੇ ਮਹੀਨੇ ਹੋਏ ਇਮਤਿਹਾਨਾਂ ਵਿਚ ਨਕਲ ਨੂੰ ਰੋਕ ਪਾਈ। ਇਹ ਸਫਲਤਾ ਉਸ ਨੇ ਕਿਸੇ ਡੰਡੇ ਦੇ ਜ਼ੋਰ ਨਾਲ ਨਹੀਂ ਸਗੋਂ ਆਪਣੇ ਅਧਿਆਪਕ ਸਾਥੀਆਂ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਹਾਸਲ ਕੀਤੀ। ਸਨਮਾਨ ਵੇਲੇ ਮੁੱਖ ਅਧਿਆਪਕ ਨੇ ਇਲਾਕੇ ਦੇ ਲੋਕਾਂ ਦਾ ਵੀ ਜ਼ਿਕਰ ਕੀਤਾ ਅਤੇ ਇਹ ਗੱਲ ਜ਼ੋਰ ਨਾਲ ਕਹੀ ਕਿ ਸਾਧਾਰਨ ਲੋਕ ਚੰਗੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹਨ। ਉਨ੍ਹਾਂ ਨੂੰ ਇਨ੍ਹਾਂ ਦਾ ਅਹਿਸਾਸ ਕਰਵਾਉਣ ਦੀ ਲੋੜ ਹੈ। ਹਰ ਇਕ ਭ੍ਰਿਸ਼ਟ ਅਮਲ ਨੂੰ ਸਿਸਟਮ ਦੀ ਦੇਣ ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਨਹੀਂ ਹੋਇਆ ਜਾ ਸਕਦਾ। ਇਹ ਸਮਾਗਮ ਆਪਣੇ ਆਪ ਵਿਚ ਇਕ ਮਿਸਾਲੀ ਸਮਾਗਮ ਸੀ।

**ਲੇਖਕਾਂ ਦਾ ਸਾਂਝਾ ਸੰਮੇਲਨ :** ਪਿਛਲੇ ਮਹੀਨੇ ਆਸਾਮ ਦੇ ਲੇਖਕਾਂ ਦੇ ਇਕ ਸੰਮੇਲਨ ਤੋਂ ਪ੍ਰੇਰਨਾ ਲੈ ਕੇ ਇਸ ਕਾਲਮ ਵਿਚ ਇਕ ਸੁਝਾਅ ਦਿੱਤਾ ਗਿਆ ਸੀ ਕਿ ਅਸੀਂ ਪੰਜਾਬ ਦੇ ਲੇਖਕ ਵੀ ਸਾਲ ਵਿਚ ਇਕ ਦਿਨ ਇਕੱਠੇ ਹੋਇਆ ਕਰੀਏ। ਸੁਰਜੀਤ ਬਰਾੜ ਘੋਲੀਆ, ਜੋ ਕਿ ਪਲਸ ਮੰਚ ਦੀ ਸੂਬਾ ਕਮੇਟੀ ਦਾ ਮੈਂਬਰ ਵੀ ਹੈ ਤੇ ਪਲਸ ਮੰਚ ਦਾ ਬੁਲਾਰਾ ਮੈਗਜ਼ੀਨ ਸਰਦਲ ਦੇ ਐਡੀਟੋਰੀਅਲ ਬੋਰਡ ਦਾ ਮੈਂਬਰ ਵੀ ਹੈ ਉਸ ਨੇ ਇਹ ਪੇਸ਼ਕਸ਼ ਕੀਤੀ ਹੈ ਕਿ ਇਹ ਪਹਿਲਾ ਸੰਮੇਲਨ ਮੋਗਾ ਦੇ ਇਲਾਕੇ ਵਿਚ ਪਿੰਡ ਘੋਲੀਆ ਵਿਖੇ ਕੀਤਾ ਜਾਏ। ਉਸ ਨੇ ਇਸ ਦੇ ਬਾਰੇ ਮੁਢਲੀਆਂ ਕਾਰਵਾਈਆਂ ਵੀ ਕੀਤੀਆਂ ਹਨ। ਪਿੰਡ ਦੀ ਪੰਚਾਇਤ ਤੇ ਇਲਾਕੇ ਦੇ ਸਾਹਿਤਕਾਰਾਂ ਨੂੰ ਵੀ ਵਿਸ਼ਵਾਸ ਵਿਚ ਲਿਆ ਹੈ। ਪਲਸ ਮੰਚ ਦੀ ਸੂਬਾ ਕਮੇਟੀ ਨੇ ਸੁਰਜੀਤ ਬਰਾੜ ਦੀਆਂ ਕੋਸ਼ਿਸ਼ਾਂ ਨੂੰ ਫੁੱਲ ਚੜ੍ਹਾਉਣ ਲਈ 10,000 ਦੀ ਰਕਮ ਇਸ ਸਮਾਗਮ ਲਈ ਰਾਖਵੀਂ ਰੱਖਣ ਦਾ ਫੈਸਲਾ ਕੀਤਾ ਹੈ। ਇਹਦੇ ਲਈ ਇਹ ਵੀ ਨਿਸ਼ਾਨਾ ਮਿਥਿਆ ਹੈ ਕਿ ਇਹ ਸੰਮੇਲਨ ਸਾਰਿਆਂ ਸਾਹਿਤਕਾਰਾਂ ਦਾ ਸਾਂਝਾ ਹੋਵੇ ਅਤੇ ਇਹ 25 ਸਤੰਬਰ ਨੂੰ ਹੋਵੇ। ਕੇਂਦਰੀ ਪੰਜਾਬੀ ਲੇਖਕ ਸਭਾ ਨੇ ਇਹ ਦਿਨ ਲੇਖਕਾਂ ਦੇ ਦਿਨ ਦੇ ਤੌਰ 'ਤੇ ਐਲਾਨਿਆ ਸੀ ਤੇ ਪਿਛਲੇ ਸਾਲ ਵੱਡੇ ਸਮਾਗਮ ਵਿਚ ਇਹਦਾ ਮੁੱਢ ਵੀ ਬੰਨ੍ਹਿਆਂ ਸੀ। ਇਹ ਰਵਾਇਤ ਜਾਰੀ ਰਹਿਣੀ ਚਾਹੀਦੀ ਹੈ। ਸਾਹਿਤ ਲੋਕਾਂ ਵਿਚ ਮਕਬੂਲ ਹੋਏ ਅਤੇ ਸਾਹਿਤਕਾਰ ਲੋਕਾਂ ਨੂੰ ਜਬਾਹਦੇਹ ਹੋਣ, ਇਹ ਇਸ ਸੰਮੇਲਨ ਦਾ ਉਦੇਸ਼ ਹੋਵੇਗਾ।